ਨੰ.ਸਰਸ/ਆਰਕਾ./ 1298 ਮਿਤੀ/06/11/2020

ਵੱਲੋਂ,

ਸਹਾਇਕ ਰਜਿਸਟਰਾਰ,

ਸਹਿਕਾਰੀ ਸਭਾਵਾਂ ਸਰਹਿੰਦ।

ਸੇਵਾ ਵਿਖੇ,

ਰਜਿਸਟਰਾਰ,

ਸਹਿਕਾਰੀ ਸਭਾਵਾਂ, ਪੰਜਾਬ,

ਚੰਡੀਗੜ੍ਹ।

ਵਿਸ਼ਾ.- ਦੀ ਖਰ੍ਹੇ ਬਹੁਮੰਤਵੀ ਸਹਿਕਾਰੀ ਸਭਾ ਵਿੱਚ ਸੇਲਜਮੈਨ ਦੀ ਭਰਤੀ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਦੀ ਖਰ੍ਹੇ ਬਹੁਮੰਤਵੀ ਸਹਿਕਾਰੀ ਸਭਾ ਵਿੱਚ ਸੇਲਜਮੈਨ ਦੀ ਭਰਤੀ ਸਬੰਧੀ ਮਾਨਯੋਗ ਸੰਯੁਕਤ ਰਜਿਸਟਰਾਰ ਸਹਿਕਾਰੀ ਸਭਾਵਾਂ ਪਟਿਆਲਾ ਵੱਲੋਂ ਪ੍ਰਵਾਨਗੀ ਪ੍ਰਾਪਤ ਹੋਈ ਹੈ। ਮਾਨਯੋਗ ਰਜਿਸਟਰਾਰ ਸਾਹਿਬ ਜੀ ਦੀਆਂ ਹਦਾਇਤਾਂ ਅਨੁਸਾਰ ਭਰਤੀ ਵਿੱਚ ਪਾਰਦਰਸ਼ਤਾ ਲਿਆਉਣ ਲਈ ਸਭਾ ਵੱਲੋਂ ਭਰਤੀ ਸਬੰਧੀ ਪੰਜਾਬੀ ਅਖਬਾਰ ਰੋਜਾਨਾ ਸਪੋਕਸ਼ਮੈਨ ਅਤੇ ਹਿੰਦੀ ਅਖਬਾਰ ਅਜੀਤ ਸਮਾਚਾਰ ਵਿੱਚ ਮਿਤੀ 06-11-2020 ਨੂੰ ਦਿੱਤੀ ਗਈ ਐਡਵਰਟਾਇਜਮੈਂਟ ਮੁੱਖ ਦਫਤਰ ਦੀ/ਸਹਿਕਾਰਤਾ ਵਿਭਾਗ ਦੀ ਵੈੱਬਸਾਈਟ ਤੇ ਅਪਲੋਡ ਕਰਨ ਲਈ ਇਸ ਪੱਤਰ ਨਾਲ ਨੱਥੀ ਕਰਕੇ ਆਪ ਜੀ ਨੂੰ ਅਗਲੀ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ-:ਇਸ਼ਤਿਹਾਰ ਦੀ ਕਾਪੀ।

ਸਹਾਇਕ ਰਜਿਸਟਰਾਰ,

ਸਹਿਕਾਰੀ ਸਭਾਵਾਂ ਸਰਹਿੰਦ।

Scanned with CamScanner

# ਲੋੜ ਹੈ

ਦੀ ਖੱਤ੍ਰੇ ਬਹੁਮੰਤਵੀ ਕੋਆਪ੍ਰੇਟਿਵ ਐਗਰੀਕਲਚਰ ਸਰਵਿਸ ਸੁਸਾਇਟੀ ਲਿਮ: ਪਿੰਡ ਖੱਤ੍ਰੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਲਈ ਇਕ ਸੇਲਜ਼ਮੈਨ ਦੀ ਜ਼ਰੂਰਤ ਹੈ। ਯੋਗ ਉਮੀਦਵਾਰਾਂ ਤੋਂ ਦਰਖਾਸਤਾਂ ਮੰਗੀਆਂ ਜਾਂਦੀਆਂ ਹਨ। ਸ਼ਰਤਾਂ -

•ਉਮੀਦਵਾਰ 6/11/2020 ਨੂੰ ਘੱਟੋ ਘੱਟ 18 ਸਾਲ ਵੱਧ ਤੋਂ ਵੱਧ 37 ਸਾਲ ਦਾ ਹੋਵੇ।

•ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗਰੈਜੂਏਸ਼ਨ, ਦਸਵੀਂ ਪੱਧਰ ਤੱਕ ਪੰਜਾਬੀ ਲਾਜ਼ਮੀ ਹੋਣੀ ਚਾਹੀਦੀ ਹੈ।

•ਭਾਰਤ ਸਰਕਾਰ ਦੇ ਇਲੈਕਟ੍ਰਾਨਿਕ ਵਿਭਾਗ ਤੋਂ ਓ ਲੈਵਲ ਦਾ ਸਰਟੀਫਿਕੇਟ ਹੋਵੇ ਜਾਂ ਸਰਕਾਰ ਵਲੋਂ ਪ੍ਰਵਾਨਿਤ ਕਿਸੇ ਸੰਸਥਾ ਜਾਂ ਮਸ਼ਹੂਰ ਸੰਸਥਾ ਜੋ ਆਈ.ਓ.ਐਸ. 9001 ਅਨੁਸਾਰ ਤਸਦੀਕਸ਼ੁਦਾ ਹੋਵੇ ਜਾਂ ਘੱਟੋ ਘੱਟ 120 ਘੰਟੇ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਪਰਸਨਲ ਕੰਪਿਊਟਰ ਦਾ ਕੋਰਸ ਜਾਂ ਇਨਫਰਮੇਸ਼ਨ ਟੈਕਨਾਲੋਜੀ ਵਿਚ ਆਫਿਸ ਪ੍ਰੋਡਕਟਿਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ ਡੈਸਕਟਾਪ ਪਬਲਿਸ਼ਿੰਗ ਦਾ ਕੋਰਸ-4 ਕੀਤਾ ਹੋਵੇ।

•ਉਮੀਦਵਾਰ ਪੰਜਾਬ ਦਾ ਨਿਵਾਸੀ ਅਤੇ ਪੇਂਡੂ ਖੇਤਰ ਨਾਲ ਸਬੰਧਿਤ ਹੋਵੇ।

•ਇਸ ਅਸਾਮੀ ਦੀ ਤਨਖ਼ਾਹ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਡੀ.ਸੀ. ਰੇਟ ਨਾਲ ਹੋਵੇਗੀ।

•ਬਾਕੀ ਸ਼ਰਤਾਂ ਸਿਲੈਕਸ਼ਨ ਕਮੇਟੀ ਵਲੋਂ ਮੌਕੇ ਤੇ ਦੱਸੀਆਂ ਜਾਣਗੀਆਂ।

•ਉਮੀਦਵਾਰ ਆਪਣੀ ਅਰਜ਼ੀ 17/11/2020 ਤੱਕ ਕੰਮਕਾਰ ਵਾਲੇ ਦਿਨ ਸਭਾ ਦੇ ਦਫ਼ਤਰ ਵਿਖੇ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਦੇ ਸਕਦਾ ਹੈ।

•ਪਹਿਲਾਂ ਦਿੱਤਾ ਇਸ਼ਤਿਹਾਰ ਪੰਜਾਬ ਕੋਆਪਰੇਟਿਵ ਐਕਟ 1961, ਆਰ.ਸੀ.ਐਸ. ਦੀਆਂ ਹਦਾਇਤਾਂ ਅਨੁਸਾਰ ਨਹੀਂ ਸੀ, ਇਸ ਲਈ ਪਹਿਲਾਂ ਦਿੱਤੀਆਂ ਅਰਜ਼ੀਆਂ ਨਹੀਂ ਵਿਚਾਰੀਆਂ ਜਾਣਗੀਆਂ ਅਤੇ ਉਮੀਦਵਾਰਾਂ ਨੂੰ ਦੁਬਾਰਾ ਅਰਜ਼ੀਆਂ ਦੇਣ ਦੀ ਹਦਾਇਤ ਕੀਤੀ ਜਾਂਦੀ ਹੈ।

•ਉਮੀਦਵਾਰ ਨੂੰ 24/11/2020 ਨੂੰ ਸਭਾ ਦੇ ਦਫ਼ਤਰ ਵਿਖੇ ਸਵੇਰੇ 10 ਤੋਂ 1 ਵਜੇ ਤੱਕ ਪਹੁੰਚਣਾ ਜ਼ਰੂਰੀ ਹੋਵੇਗਾ।

ਵਲੋਂ:- ਪ੍ਰਧਾਨ ਸਭਾ

# ਲੋੜ ਹੈ

ਦੀ ਪੱਤੀ ਬਹੁ ਮੰਤਵੀ ਕੋਆਪ੍ਰੇਟਿਵ ਐਗਰੀਕਲਚਰ ਸਰਵਿਸ ਸੁਸਾਇਟੀ ਲਿਮ ਪਿੰਡ ਪੱਤੀ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਖਾਲੀ ਇੱਕ ਸੇਲਜ਼ਮੈਨ ਦੀ ਜ਼ਰੂਰਤ ਹੈ, ਯੋਗ ਉਮੀਦਵਾਰਾਂ ਤੋਂ ਦਰਖਾਸਤਾਂ ਮੰਗੀਆਂ ਜਾਂਦੀਆਂ ਹਨ।

ਸ਼ਰਤਾਂ :

- ਉਮੀਦਵਾਰ 6/11/2020 ਨੂੰ ਘੱਟੋ ਘੱਟ 18 ਸਾਲ ਵੱਧ ਤੋਂ ਵੱਧ 37 ਸਾਲ ਦਾ ਹੋਵੇ।
- ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ, ਦਸਵੀਂ ਪੱਧਰ ਤੱਕ ਪੰਜਾਬੀ ਲਾਜ਼ਮੀ ਹੋਣੀ ਚਾਹੀਦੀ ਹੈ।
- ਭਾਰਤ ਸਰਕਾਰ ਦੇ ਇਲੈਕਟ੍ਰਾਨਿਕ ਵਿਭਾਗ ਤੋਂ ਓ ਲੈਵਲ ਦਾ ਸਰਟੀਫਿਕੇਟ ਹੋਵੇ ਜਾਂ ਸਰਕਾਰ ਵਲੋਂ ਪ੍ਰਵਾਨਤ ਕਿਸੇ ਸੰਸਥਾ ਜਾਂ ਮਨਜ਼ੂਰ ਸੰਸਥਾ ਜੋ ਆਈ ਐਸ ਓ 9001 ਅਨੁਸਾਰ \ ਤਸਦੀਕਸ਼ੁਦਾ ਹੋਵੇ ਜਾਂ ਘੱਟੋ ਘੱਟ 120 ਘੰਟੇ ਦਾ ਕੋਰਸ ਪਾਸ ਕੀਤਾ ਹੋਵੇ ਜਾਂ ਪਰਸਨਲ ਕੰਪਿਊਟਰ ਦਾ ਕੋਰਸ ਜਾਂ ਇਨਫਰਮੇਸ਼ਨ ਟੈਕਨਾਲੋਜੀ ਵਿੱਚ ਆਫਿਸ ਪਰੋਡਕਟਿਵਿਟੀ ਐਪਲੀਕੇਸ਼ਨ ਦਾ ਕੋਰਸ ਜਾਂ ਡੈਸਕਟਾਪ ਪਬਲਿਸ਼ਿੰਗ ਦਾ ਕੋਰਸ- 4 ਕੀਤਾ ਹੋਵੇ।
- ਉਮੀਦਵਾਰ ਪੰਜਾਬ ਦਾ ਨਿਵਾਸੀ ਅਤੇ ਪੇਂਡੂ ਖੇਤਰ ਨਾਲ ਸਬੰਧਤ ਹੋਵੇ।
- ਇਸ ਅਸਾਮੀ ਦੀ ਤਨਖਾਹ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਡੀ ਸੀ ਰੇਟ ਨਾਲ ਹੋਵੇਗੀ।
- ਹੋਰ ਸ਼ਰਤਾਂ ਸਲੈਕਸ਼ਨ ਕਮੇਟੀ ਵਲੋਂ ਮੌਕੇ ਤੇ ਦੱਸੀਆਂ ਜਾਣਗੀਆਂ
- ਉਮੀਦਵਾਰ ਆਪਣੀ ਅਰਜ਼ੀ 17/11/2020 ਤੱਕ ਕੰਮਕਾਜ ਵਾਲੇ ਦਿਨ ਸਭਾ ਦੇ ਦਫਤਰ ਵਿਖੇ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਦੇ ਸਕਦਾ ਹੈ।
- ਪਹਿਲਾਂ ਦਿੱਤਾ ਇਸ਼ਤਿਹਾਰ ਪੰਜਾਬ ਕੋ ਆਪਰੇਟਿਵ ਐਕਟ 1961, ਆਰ.ਸੀ.ਐਸ ਦੀਆਂ ਹਦਾਇਤਾਂ ਅਨੁਸਾਰ ਨਹੀਂ ਸੀ, ਇਸ ਲਈ ਪਹਿਲਾਂ ਦਿੱਤੀਆਂ ਅਰਜ਼ੀਆਂ ਨਹੀਂ ਵਿਚਾਰੀਆਂ ਜਾਣਗੀਆਂ ਅਤੇ ਉਮੀਦਵਾਰਾਂ ਨੂੰ ਦੁਬਾਰਾ ਅਰਜ਼ੀਆਂ ਦੇਣ ਦੀ ਹਦਾਇਤ ਕੀਤੀ ਜਾਂਦੀ ਹੈ।
- ਉਮੀਦਵਾਰ ਨੂੰ 24/11/2020 ਨੂੰ ਸਭਾ ਦੇ ਦਫਤਰ ਵਿਖੇ ਸਵੇਰੇ 10 ਵਜੇ ਤੋਂ 1 ਵਜੇ ਤੱਕ ਪਹੁੰਚਣਾ ਜ਼ਰੂਰੀ ਹੋਵੇਗਾ।

ਵਲੋਂ - ਪ੍ਰਧਾਨ ਸਭਾ